ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,
(ਇਸ਼ਤਿਹਾਰ ਸ਼ਾਖਾ)

ਵੱਲ

ਸਮੂਹ ਵਿਭਾਗਾਂ/ਬੋਰਡ/ਕਾਰਪੋਰੇਸ਼ਨਾਂ ਆਦਿ ਦੇ ਮੁਖੀ

ਨੰ:ਪੀਆਰ(ਇਸ਼ਤਿਹਾਰ)-20224/949390 ਮਿਤੀ 16.10.2024

ਵਿਸ਼ਾ: ਪ੍ਰਿੰਟ ਮੀਡੀਆ ਦੇ ਇਸ਼ਤਿਹਾਰ ਪ੍ਰਕਾਸ਼ਨਾ ਲਈ ਮੁੱਖ ਚੋਣ ਅਫਸਰ, ਪੰਜਾਬ ਦੀ ਪ੍ਰਵਾਨਗੀ/ਐਨ.ਓ.ਸੀ. ਪ੍ਰਾਪਤ ਕਰਕੇ ਭੇਜਣ ਸਬੰਧੀ।

ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਕਰਮਵਾਰ ਡੇਰਾ ਬਾਬਾ ਨਾਨਕ (ਗੁਰਦਾਸਪੁਰ), ਚੱਬੇਵਾਲ (ਹੁਸ਼ਿਆਰਪੁਰ), ਬਰਨਾਲਾ (ਬਰਨਾਲਾ) ਅਤੇ ਗਿੱਦੜਬਾਹਾ (ਸ੍ਰੀ ਮੁਕਤਸਰ ਸਾਹਿਬ) ਦੀਆਂ ਉਪ ਚੋਣਾਂ ਦੇ ਮੱਦੇਨਜ਼ਰ ਮਿਤੀ 15.10.2024 ਤੋਂ ਚੋਣ ਜਾਬਤਾ ਲਾਗੂ ਹੋ ਚੁੱਕਾ ਹੈ। ਇਸ ਲਈ ਵੱਖ-ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਆਦਿ ਦੇ ਇਸ਼ਤਿਹਾਰ ਮੁੱਖ ਚੋਣ ਅਫਸਰ, ਪੰਜਾਬ ਦੀ ਪ੍ਰਵਾਨਗੀ/ਐਨ.ਓ.ਸੀ. ਉਪਰੰਤ ਹੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਏ ਜਾ ਸਕਦੇ ਹਨ।

2. ਇਸ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਦਾਰੇ ਨਾਲ ਸਬੰਧਤ ਜੇਕਰ ਕੋਈ ਇਸ਼ਤਿਹਾਰ ਚੋਣ ਜਾਬਤੇ ਦੌਰਾਨ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਜਾਣਾ ਹੈ ਤਾਂ ਉਸਦੀ ਪ੍ਰਵਾਨਗੀ/ਐਨ.ਓ.ਸੀ ਮੁੱਖ ਚੋਣ ਅਫਸਰ, ਪੰਜਾਬ ਤੋਂ ਪ੍ਰਾਪਤ ਕਰਕੇ ਹੀ ਇਸ ਵਿਭਾਗ ਨੂੰ ਭੇਜਿਆ ਜਾਵੇ। ਮੁੱਖ ਚੋਣ ਅਫਸਰ, ਪੰਜਾਬ ਦੀ ਪ੍ਰਵਾਨਗੀ/ਐਨ.ਓ.ਸੀ. ਤੋਂ ਬਗੈਰ ਕੋਈ ਵੀ ਇਸ਼ਤਿਹਾਰ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕਰਵਾਇਆ ਜਾਵੇਗਾ।

3. ਇਸਤੋਂ ਇਲਾਵਾ ਜਿਹੜੇ ਇਸ਼ਤਿਹਾਰ ਆਦਰਸ਼ ਚੋਣ ਜਾਬਤੇ ਦੇ ਘੇਰੇ ਵਿੱਚ ਨਹੀਂ ਆਉਂਦੇ, ਉਸ ਬਾਰੇ ਸਬੰਧਤ ਵਿਭਾਗ/ਅਦਾਰਾ ਸਮਰੱਥ ਅਧਿਕਾਰੀ ਦੇ ਦਸਤਖਤਾਂ ਹੇਠ ਸਵੈ-ਘੋਸ਼ਣਾ ਪੱਤਰ ਦੇਵੇਗਾ ਕਿ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਨਾਲ ਚੋਣ ਜਾਬਤੇ ਦੀ ਉਲੰਘਣਾ ਨਹੀਂ ਹੋਵੇਗੀ ਅਤੇ ਜੇਕਰ ਚੋਣ ਜਾਬਤੇ ਦੀ ਉਲੰਘਣਾ ਹੁੰਦੀ ਹੈ ਵਿਭਾਗ/ਅਦਾਰਾ ਖੁਦ ਜਿੰਮੇਵਾਰ ਹੋਵੇਗਾ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਜਾਇੰਟ ਡਾਇਰੈਕਟਰ (ਇਸ਼ਤਿਹਾਰ)
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ।

ਉਪਰੋਕਤ ਦਾ ਉਤਾਰਾ ਪੰਜਾਬ ਦੇ ਸਮੂਹ ਜ਼ਿਲ੍ਹਾ ਲੋਕ ਸੰਪਰਕ ਅਫਸਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਾਇੰਟ ਡਾਇਰੈਕਟਰ (ਇਸ਼ਤਿਹਾਰ)
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ।